# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.) ਬਠਿੰਡਾ

**ਐਮ.ਆਈ.ਐਸ ਵਿੰਗ, ਕਮਰਾ ਨੰਬਰ 458, ਤੀਸਰੀ ਮੰਜਿਲ ਮਿੰਨੀ ਸਕੱਤਰੇਤ ਬਠਿੰਡਾ**

ਵੱਲ:-

ਸਮੂਹ ਸਕੂਲ ਮੁੱਖੀ/ਇੰਚਾਰਜ਼,
ਸਰਕਾਰੀ, ਆਦਰਸ਼, ਪ੍ਰਾਇਵੇਟ ਮਾਨਤਾ ਪ੍ਰਾਪਤ/ ਗੈਰ ਮਾਨਤਾ ਪ੍ਰਾਪਤ, ਏਡਿਡ, ਸੈਂਟਰਲ, ਸੋਸ਼ਲ ਵੈਲਫੇਅਰ ਸੋਸਾਇਟੀ ਆਦਿ,
ਜਿਲਾ ਬਠਿੰਡਾ।

**ਪੱਤਰ ਨੰ:ਐਸ.ਐਸ.ਏ/ਐਮ.ਆਈ.ਐਸ/ਯੂ-ਡਾਇਸ/2024-25/**202419549 **ਮਿਤੀ: 07.08.2024**

**ਵਿਸ਼ਾ:- ਯੂ-ਡਾਇਸ ਸਰਵੇ 2024-25 ਸੰਬੰਧੀ।**

ਉਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਐਮ.ਐਚ.ਆਰ.ਡੀ., ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੂ-ਡਾਇਸ ਸਰਵੇ ਹਰ ਸਾਲ ਸਕੂਲਾਂ ਤੋਂ ਵਿਦਿਆਰਥੀਆਂ, ਅਧਿਆਪਕਾਂ, ਬੁਨਿਆਦੀ ਢਾਂਚੇ ਅਤੇ ਵੱਖ-ਵੱਖ ਸਕੂਲ ਪੱਧਰ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਇਕੱਤਰ ਕਰਨ ਲਈ ਕਰਵਾਇਆ ਜਾਂਦਾ ਹੈ। ਇਸ ਸਰਵੇ ਅਧੀਨ ਰਾਜ ਵਿਚ ਚੱਲ ਰਹੇ ਹਰ ਪ੍ਰਕਾਰ ਦੇ ਸਕੂਲ (ਸਰਕਾਰੀ ਅਤੇ ਗੈਰ ਸਰਕਾਰੀ ਆਦਿ) ਤੋਂ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ। ਇਕੱਤਰ ਕੀਤੇ ਡਾਟੇ ਨੂੰ ਭਾਰਤ ਸਰਕਾਰ ਵੱਲੋਂ **PGI, KPI, SDG** ਅਤੇ ਕਈ ਤਰ੍ਹਾਂ ਦੇ ਮੁਲਾਂਕਣਾ ਵਿੱਚ ਵਰਤਿਆ ਜਾਂਦਾ ਹੈ। ਜਿਸ ਅਨੁਸਾਰ ਭਾਰਤ ਸਰਕਾਰ ਵੱਲੋਂ ਸਕੂਲਾਂ ਨੂੰ ਗ੍ਰਾਂਟਾਂ ਜਾਰੀ ਅਤੇ ਰਾਜ ਦੇ ਸਿੱਖਿਆ ਪੱਧਰ ਦੀ ਰੈਕਿੰਗ ਕੀਤੀ ਜਾਂਦੀ ਹੈ ।

ਸਿੱਖਿਆ ਵਿਭਾਗ ਵਲੋਂ ਯੂ-ਡਾਇਸ ਸਰਵੇ 2024-25 ਭਾਰਤ ਸਰਕਾਰ ਦੀ ਵੈਬਸਾਇਟ https://udiseplus.gov.in ਤੇ ਪਿਛਲੇ ਸਾਲ ਦੀ ਤਰ੍ਹਾਂ ਭਰਿਆ ਜਾ ਰਿਹਾ ਹੈ, ਜਿਸ ਤਹਿਤ ਜ਼ਿਲਾ ਬਠਿੰਡਾ ਦੇ ਹਰੇਕ ਸਕੂਲ ਵੱਲੋਂ ਬੱਚਿਆਂ ਦੇ ਮਡਿਊਲ ਵਿੱਚ **Progression Activity** ਦਾ ਕੰਮ ਲਗਭਗ ਮੁਕੰਮਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ **Teachers Module ਅਤੇ Basic Profile and facilities Module** ਵੱਖ-ਵੱਖ ਤੌਰ ਤੇ ਅਪਡੇਟ ਕੀਤੇ ਜਾਣੇ ਹਨ, ਵੀ ਯੂ-ਡਾਇਸ ਪੋਰਟਲ ਤੇ **Enable** ਕਰ ਦਿੱਤੇ ਗਏ ਹਨ, ਜਿਸ ਤਹਿਤ ਸਮੂਹ ਸਕੂਲਾਂ ਵੱਲੋਂ ਆਪਣੇ-ਆਪਣੇ ਸਕੂਲ ਦੇ ਅਧਿਆਪਕਾਂ ਸੰਬੰਧੀ ਅਤੇ ਸਕੂਲ ਦੇ ਢਾਂਚੇ ਸੰਬੰਧੀ ਆਂਕੜੇ ਅਪਡੇਟ ਕੀਤੇ ਜਾਣੇ ਹਨ।

ਇਸ ਲਈ ਸਮੂਹ ਸਕੂਲਾਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਇੱਕ ਹਫਤੇ ਦੇ ਅੰਦਰ-ਅੰਦਰ ਤੱਕ ਹਰੇਕ ਸਕੂਲ ਵੱਲੋਂ ਆਪਣੇ ਸਕੂਲ ਸੰਬੰਧੀ **Profile and Facilities, Teachers Modules** ਨੂੰ ਸਕੂਲੀ ਰਿਕਾਰਡ ਅਨੁਸਾਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ। ਸਰਵੇ ਸਬੰਧੀ ਕਿਸੇ ਕਿਸਮ ਦੀ ਅਣ-ਗਹਿਲੀ ਦੀ ਜ਼ਿੰਮੇਵਾਰੀ ਸੰਬੰਧਤ ਸਕੂਲ ਮੁੱਖੀ/ਇੰਚਾਰਜ ਦੀ ਨਿੱਜੀ ਹੋਵੇਗੀ।

**ਨੋਟ:- Teachers Module ਸੰਬੰਧੀ ਇਹ ਹਦਾਇਤ ਦਿੱਤੀ ਜਾਂਦੀ ਹੈ ਕਿ ਜੇਕਰ ਅਧਿਆਪਕ ਇੱਕ ਸਕੂਲ ਤੋ ਦੂਸਰੇ ਸਕੂਲ ਵਿੱਚ ਜਾ ਚੁੱਕਾ ਹੈ ਤਾਂ ਉਸਦਾ ਡਾਟਾ ਸਕੂਲ ਵਿੱਚੋਂ Left the School ਕੀਤਾ ਜਾਵੇ, ਤਾਂ ਜੋ ਦੂਸਰਾ ਸਕੂਲ ਉਸਨੂੰ ਆਪਣੇ ਸਕੂਲ ਵਿੱਚ ਸੌਖੇ ਤਰੀਕੇ ਨਾਲ Import ਕਰ ਸਕੇ।**

ਕਿਸੇ ਕਿਸਮ ਦੀ ਤਕਨੀਕੀ ਸਹਾਇਤਾ ਲਈ ਆਪਣੇ **ਸਬੰਧਤ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕੀਤਾ ਸਕਦਾ ਹੈ।**

07/08
ਜ਼ਿਲਾ ਸਿੱਖਿਆ ਅਫਸਰ(ਐ.ਸਿ./ਸੈ.ਸਿ)
ਬਠਿੰਡਾ।

ਪੱਤਰ ਨੰ:ਐਸ.ਐਸ.ਏ/ਐਮ.ਆਈ.ਐਸ/ਯੂ-ਡਾਇਸ/2024-25/ ਮਿਤੀ: 07.08.2024

ਉਪਰੋਕਤ ਦਾ ਉਤਾਰਾ ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਅਜੀਤਗੜ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

07/08
ਜ਼ਿਲਾ ਸਿੱਖਿਆ ਅਫਸਰ(ਐ.ਸਿ./ਸੈ.ਸਿ)
ਬਠਿੰਡਾ।